# ਪਬਲਿਕ-ਸੂਚਨਾ : 30 ਜੁਲਾਈ 2007 ਤੋਂ ਇਮੀਗ੍ਰੇਸ਼ਨ-ਫ਼ੀਸ ਵਧਾਈ ਗਈ

ਕੀ ਤੁਸੀਂ ਯੂ.ਐਸ. ਸਿਟਿਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਸਰਵਿਸਿਜ਼ ਮਹਕਮੇ ਕੋਲ ਇਮੀਗ੍ਰੇਸ਼ਨ ਦੀ ਗ੍ਰੀਨ-ਕਾਰਡ ਯਾ ਸਿਟਿਜ਼ਨਸ਼ਿਪ ਐਪਲੀਕੇਸ਼ਨ ਦਰਜ ਕਰਣ ਦੀ ਸੋਚ ਰਹੇ ਹੋ ? ਜੇਕਰ ਤੁਹਾਡਾ ਜਵਾਬ ਹਾਂ ਵਿਚ ਹੈ ਤਾਂ ਸੁਚੇਤ ਰਹੋ ਕਿ **30 ਜੁਲਾਈ 2007 ਤੋਂ ਇਮੀਗ੍ਰੇਸ਼ਨ-ਫ਼ੀਸ ਕਾਫ਼ੀ ਵਧਾ ਦਿਤੀ ਗਈ ਹੈ ।**
ਇਸ ਦਸਤਾਵੇਜ਼ ਦਾ ਮਕਸਦ ਹੈ ਕਿ ਤੁਹਾਨੂੰ ਵਧਾਈ ਗਈ ਇਮੀਗ੍ਰੇਸ਼ਨ-ਫ਼ੀਸ ਦੀ ਬੁਨਿਆਂਦੀ ਜਾਣਕਾਰੀ ਦਿਤੀ ਜਾਵੇ ਅਤੇ ਤੁਹਾਡੀ ਅਰਜ਼ੀ ਉਤੇ ਉਸ ਦੇ ਅਸਰ ਬਾਬਤ ਦਸਿਆ ਜਾਵੇ ।

**Q. ਫ਼ੀਸ ਕਿਤਨੀ ਵਧੇਗੀ ?**

A. ਵਖ-ਵਖ ਕੈਟੇਗਰੀ ਮੁਤਾਬਕ ਫ਼ੀਸ ਵਧੇਗੀ ਜਿਹਨਾਂ ਵਿਚ ਸ਼ਾਮਲ ਹਨ : ਗ੍ਰੀਨ-ਕਾਰਡ, ਸਿਟਿਜ਼ਨਸ਼ਿਪ ਅਤੇ ਏਚ-1-ਬੀ ਐਪਲੀਕੇਸ਼ਨਾਂ ।

| ਫ਼ਾਰਮ ਨੰਬਰ | ਮਕਸਦ | ਮੌਜੂਦਾ ਫ਼ੀਸ | ਵਧਾਈ ਗਈ ਫ਼ੀਸ |
|---|---|---|---|
| I-129 | ਟੈਂਪਰੇਰੀ ਵਰਕਰ ਪੇਟੀਸ਼ਨ | $ 190 | $ 320 |
| I-130 | ਰਿਸ਼ਤੇਦਾਰ ਪੇਟੀਸ਼ਨ | $ 190 | $ 355 |
| I-485 | ਗ੍ਰੀਨ-ਕਾਰਡ ਐਪਲੀਕੇਸ਼ਨ | $ 325 | $ 600-$1010* |
| I-140 | ਇਮੀਗ੍ਰੇਂਟ ਵਰਕਰ ਪੇਟੀਸ਼ਨ | $ 195 | $ 475 |
| I-765 | ਵਰਕ ਔਥਰਾਈਜ਼ੇਸ਼ਨ ਐਪਲੀਕੇਸ਼ਨ | $ 180 | $ 340 |
| N-400 | ਸਿਟਿਜ਼ਨਸ਼ਿਪ ਐਪਲੀਕੇਸ਼ਨ | $ 330 | $ 675 |

* ਨੋਟ : ਬਾਬਤ : ਗ੍ਰੀਨ-ਕਾਰਡ ਲਈ ਨਵੀਂ ਐਪਲੀਕੇਸ਼ਨ ਫ਼ੀਸ ਕਈ ਪਹਲੂਆ ਨਾਲ ਸੰਬੰਧਤ ਹੈ ਜਿਵੇਂ ਉਮਰ ਇਤਾਦਕ ਅਤੇ ਕੀ ਮਾਤਾ-ਪਿਤਾ ਦੀ ਐਪਲੀਕੇਸ਼ਨ ਨਾਲ ਅਰਜ਼ੀ ਦਿਤੀ ਗਈ ਹੈ ।

ਬਧਾਈ ਗਈ ਫ਼ੀਸ ਦੀ ਪੂਰੀ ਜਾਣਕਾਰੀ ਲਈ ਵੇਬਸਾਈਟ http://www.uscis.org ਵੇਖੋ ਯਾ 800-375-5283 ਤੇ ਫ਼ੋਨ ਕਰੋ ।

**Q. ਵਧੀ ਹੋਈ ਫ਼ੀਸ ਕਦੋਂ ਲਾਗੂ ਹੋਵੇਗੀ ?**

A. ੩੦ ਜੁਲਾਈ ੨੦੦੭ ਦੀ ਪੋਸਟ-ਮਾਰਕ ਹੋਈ ਅਰਜ਼ੀਆਂ ਨਾਲ ਵਧਾਈ ਗਈ ਫ਼ੀਸ ਭੇਜਣੀ ਹੋਵੇਗੀ ।

**Q. ਵਧੇਰੇ ਜਾਣਕਾਰੀ ਹਾਸਲ ਕਰਣ ਲਈ ਕਿਸ ਨੂੰ ਸੰਪਰਕ ਕੀਤਾ ਜਾਵੇ ?**

A. ਫ਼ੀਸ ਦੀ ਸਧਾਰਣ ਜਾਣਕਾਰੀ ਲਈ ਸਾਊਥ-ਏਸ਼ੀਅਨ-ਅਮੇਰਿਕਨ-ਲੀਡਰਜ਼-ਔਫ਼-ਟੁਮੌਰੋ ਨੂੰ 301-270-1855 ਤੇ ਫ਼ੋਨ ਕਰੋ । ਅਮੇਰਿਕਨ-ਮੀਗ੍ਰੇਸ਼ਨ-ਲਾਯਰਜ਼-ਅਸੋਸੀਏਸ਼ਨ ਨੂੰ 202-216-2400 ਤੇ ਕੱਾਲ ਕਰ ਸਕਦੇ ਹੋ ਹੇਠ-ਲਿਖੇ ਨੰਬਰ ਤੇ ਤੁਸੀਂ ਆਪਣੀ ਲੋਕਲ ਸੰਸਥਾ ਨਾਲ ਵੀ ਸੰਪਰਕ ਸਾਧ ਸਕਦੇ ਹੋ :

**ਸੰਸਥਾ :**

**ਮਿਸਟਰ / ਮਿਸ :** **ਟੇਲੀਫ਼ੋਨ :**

ਤੁਹਾਡੇ ਕੇਸ ਉਤੇ ਵਧੀ ਫ਼ੀਸ ਦੇ ਅਸਰ ਬਾਬਤ ਸਲਾਹ ਲਈ ਕਿਸੇ ਇਮੀਗ੍ਰੇਸ਼ਨ ਵਕੀਲ ਨੂੰ ਮਿਲੋ ।

ਇਹ ਦਸਤਾਵੇਜ਼ ਸਾਊਥ-ਏਸ਼ੀਅਨ-ਅਮੇਰਿਕਨ-ਲੀਡਰਜ਼-ਔਫ਼-ਟੁਮੌਰੋ (ਸੱਾਲਟ) ਨੇ ਜਾਰੀ ਕੀਤਾ ਹੈ । ਸਾਊਥ-ਏਸ਼ੀਅਨ-ਅਮੇਰਿਕਨ-ਲੀਡਰਜ਼-ਔਫ਼-ਟੁਮੌਰੋ ਇਕ ਰਾਸ਼ਟਰੀ ਗ਼ੈਰ-ਮੁਨਾਫ਼ਾਈ ਸੰਸਥਾ ਹੈ ਜੋ ਸਾਊਥ-ਏਸ਼ੀਅਨ ਮੂਲ ਦੇ ਲੋਕਾਂ ਵਲੋਂ ਅਮਰੀਕਾ ਦੀ ਸਮਾਜਕ ਅਤੇ ਸਿਆਸੀ ਜ਼ਿੰਦਗੀ ਵਿਚ ਸ਼ਿਰਕਤ ਕਰਣ ਲਈ ਪ੍ਰੇਰਣਾ ਦੇਂਦੀ ਹੈ ਅਤੇ ਉਪਰਾਲੇ ਕਰਦੀ ਹੈ । ਵੇਬਸਾਈਟ ਵੇਖੋ : ***http://www.saalt.org/***. **ਖਾਸ ਤੌਰ ਤੇ ਨੋਟ ਕਰੋ : ਇਸ ਜਾਣਕਾਰੀ ਨੂੰ ਕਾਨੂਨੀ-ਸਲਾਹ ਤੁਲ ਹਰਗਿਜ਼ ਨਾ ਸਮਝਿਆ ਜਾਵੇ।**
**ਇਸ ਦਸਤਾਵੇਜ਼ ਦੇ ਅੰਗ੍ਰੇਜ਼ੀ ਤੋਂ ਪੰਜਾਬੀ ਦਾ ਤਰਜਮਾ ਕਰਣ ਦੀ ਸੇਵਾ ਯੂਨਾਈਟਿਡ ਸਿਖਸ (*http://www.unitedsikhs.org, P-888-243-1690*) ਨੇ ਨਿਭਾਈ ।**